# ਮਿਤੀ 24-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:146<br>ਮਿਤੀ:24-12-22<br>ਜੁਰਮ:323,341,506,<br>148,149,427,<br>ਆਈ.ਪੀ.ਸੀ.<br>ਥਾਣਾ:- ਮਟੌਰ | ਜਤਿੰਦਰ ਸਿੰਘ ਸੱਭਰਵਾਲ ਪੁੱਤਰ ਕੁਲਵੰਤ ਸਿੰਘ ਵਾਸੀ ਫਲੈਟ ਨੰ.2369 ਗਰਾਉਂਡ ਫਲੋਰ ਐਸ.ਸੀ.ਐਲ ਸੁਸਾਇਟੀ ਸੈਕ:70 ਮੋਹਾਲੀ, ਉਮਰ ਕਰੀਬ 48 ਸਾਲ<br>99142-80213 | 1) ਗਗਨ<br>2) ਸਤਨਾਮ ਸਿੰਘ<br>3) ਨਵਜੋਤ<br>4) ਅਮਨਦੀਪ ਸਿੰਘ<br>5) ਸੁਖਵਿੰਦਰ ਸਿੰਘ<br>6) ਸਾਹਿਲ<br>7) ਸਿਮਰਨ, ਵਾਸੀਆਨ ਨਾ-ਮਾਲੂਮ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਅਸੀਂ ਦੋ ਭਰਾ ਹਾਂ। ਮੈਂ ਅਤੇ ਮੇਰਾ ਛੋਟਾ ਭਰਾ ਸਤਿੰਦਰ ਸਿੰਘ ਦੋਵੇਂ ਪ੍ਰੈਸ ਰਿਪੋਰਟਰ ਹਾਂ। ਮਿਤੀ 20-12-22 ਨੂੰ ਸਾਡੇ ਦੋਵਾਂ ਭਰਾਵਾਂ ਪਾਸ ਚਾਰ ਲੜਕੇ ਸਾਡੇ ਦਫਤਰ ਆਏ ਸੀ। ਜਿਹਨਾਂ ਨੇ ਦੱਸਿਆ ਕਿ ਅਸੀਂ ਟੀ.ਸੀ.ਐਸ ਇੰਮੀਗਰੇਸ਼ਨ ਕੰਪਨੀ ਸੈਕ:70 ਮੋਹਾਲੀ ਨੂੰ ਆਪਣੇ ਪਾਸਪੋਰਟ ਜਮਾਂ ਕਰਵਾਏ ਸੀ। ਜੋ ਹੁਣ ਸਾਡੇ ਪਾਸਪੋਰਟ ਵਾਪਿਸ ਨਹੀਂ ਕਰ ਰਹੇ। ਜਿਸ ਕਰਕੇ ਮੈਂ ਤੇ ਮੇਰਾ ਭਰਾ ਸਤਿੰਦਰ ਸਿੰਘ ਉਕਤ ਇੰਮੀਗਰੇਸ਼ਨ ਦਫਤਰ ਗਏ ਸੀ। ਤਾਂ ਵਕਤ ਕਰੀਬ 03:35ਪੀ.ਐਮ ਦਾ ਹੋਵੇਗਾ ਟੀ.ਸੀ.ਐਸ. ਇੰਮੀਗਰੇਸ਼ਨ ਵਾਲਿਆਂ ਨੇ ਸਾਡੀ ਬਿਨਾਂ ਵਜ੍ਹਾ ਕੁੱਟਮਾਰ ਕੀਤੀ। ਅਤੇ ਸਾਡੇ ਦੋ ਕੈਮਰੇ ਕੀਮਤ ਕਰੀਬ 2 ਲੱਖ ਰੁਪਏ, ਕੈਮਰੇ ਦੇ ਸਟੈਂਡ, ਅਤੇ ਹੋਰ ਕਾਫੀ ਸਮਾਨ ਨਸ਼ਟ ਕਰ ਦਿੱਤਾ। ਇਸ ਤੋਂ ਇਲਾਵਾ ਉਕਤਾਨ ਦੋਸ਼ੀਆਨ ਨੇ ਸਾਡੇ ਦੋ ਮੋਬਾਈਲ ਅਤੇ ਇੱਕ ਗੋਲਡ ਰਿੰਗ, ਇੱਕ ਗੁੱਟ ਘੜੀ, ਅਤੇ ਸਾਡੀ ਗੱਡੀ ਵਿੱਚੋਂ 3ਲੱਖ40 ਹਜਾਰ ਰੁਪਏ ਕੈਸ਼ ਲੜਾਈ ਦੌਰਾਨ ਗਾਇਬ ਕਰ ਦਿੱਤੇ। ਫਿਰ ਮੇਰੇ ਭਰਾ ਦੀ ਕਾਫੀ ਕੁੱਟਮਾਰ ਕੀਤੀ ਅਤੇ ਸਾਨੂੰ ਧਮਕੀਆਂ ਦਿੱਤੀਆਂ। ਫਿਰ ਅਸੀਂ ਇਲਾਜ ਲਈ ਸਿਵਲ ਹਸਪਤਾਲ ਫੇਸ-6 ਮੋਹਾਲੀ ਵਿਖੇ ਗਏ ਅਤੇ ਉੱਥੋਂ ਛੁੱਟੀ ਹੋਣ ਪਰ ਹੁਣ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:147<br>ਮਿਤੀ:24-12-22<br>ਜੁਰਮ: 160,34,<br>ਆਈ.ਪੀ.ਸੀ.<br>ਥਾਣਾ:- ਮਟੌਰ | ਸ.ਥ. ਦਵਿੰਦਰ ਸਿੰਘ<br>ਥਾਣਾ ਮਟੌਰ<br>79730-92152 | ਨਾ-ਮਾਲੂਮ ਵਿਅਕਤੀਆਂ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਫੇਸ-3ਬੀ2 ਮੋਹਾਲੀ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਸ-3ਬੀ2 ਮੋਹਾਲੀ ਦੇ ਨਜ਼ਦੀਕ ਕੁੱਝ ਵਿਅਕਤੀ ਉੱਚੀ-ਉੱਚੀ ਬੋਲ ਕੇ ਆਪਸ ਵਿੱਚ ਲੜਾਈ ਝਗੜਾ ਕਰ ਕੇ ਅਮਨ ਕਾਨੂੰਨ ਦੀ ਸਥਿਤੀ ਨੂੰ ਭੰਗ ਕਰ ਰਹੇ ਹਨ। ਜਿਹਨਾਂ ਕਰਕੇ ਆਸ ਪਾਸ ਦੇ ਰਹਿਣ ਵਾਲੇ ਲੋਕਾਂ ਨੂੰ ਪਰੇਸ਼ਾਨੀ ਹੋ ਰਹੀ ਹੈ। ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਇਹ ਵਿਅਕਤੀ ਲੜਾਈ ਝਗੜਾ ਅਤੇ ਗਾਲੀ ਗਲੋਚ ਕਰਦੇ ਕਾਬੂ ਆ ਸਕਦੇ ਹਨ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 3 | ਮੁਕੱਦਮਾ ਨੰ:138<br>ਮਿਤੀ:24-12-22<br>ਜੁਰਮ:306,ਆਈ.ਪੀ.ਸੀ.<br>ਥਾਣਾ:- ਫੇਸ-11 ਮੋਹਾਲੀ | ਰਮੇਸ਼ ਕੁਮਾਰ ਸ਼ਰਮਾ ਪੁੱਤਰ ਓਮ ਪ੍ਰਕਾਸ਼ ਸ਼ਰਮਾ ਵਾਸੀ ਮਕਾਨ ਨੰ.113 ਸੀਨੀਅਰ ਸਿਟੀਜ਼ਨ ਸੁਸਾਇਟੀ ਸੈਕ:48 ਸੀ ਮੋਹਾਲੀ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 57 ਸਾਲ<br>94173-45464 | 1) ਸ਼ਾਂਤੀ ਦੇਵੀ ਪਤਨੀ ਮੇਹਰ ਚੰਦ ਸ਼ਰਮਾ<br>2) ਮੇਹਰ ਚੰਦ ਸ਼ਰਮਾ<br>3) ਦੀਪਕ ਪੁੱਤਰ ਮੇਹਰ ਚੰਦ<br>4) ਮੰਜੂ<br>5) ਰੇਖਾ<br>ਵਾਸੀਆਨ ਰੋਹਤਕ ਹਰਿਆਣਾ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਮੇਰਾ ਭਰਾ ਸੁਰੇਸ਼ ਕੁਮਾਰ ਸ਼ਰਮਾ ਉਮਰ ਕਰੀਬ 55 ਸਾਲ ਸੈਕਿੰਡ ਫਲੋਰ ਤੇ ਆਪਣੀ ਘਰਵਾਲੀ ਅੰਜਨਾ ਸ਼ਰਮਾ ਤੇ ਲੜਕੇ ਪੁਲਕਿਤ ਸ਼ਰਮਾ ਨਾਲ ਰਹਿੰਦਾ ਸੀ। ਮੇਰੇ ਭਰਾ ਦੀ ਘਰਵਾਲੀ ਅੰਜਨਾ ਸ਼ਰਮਾ ਕਾਫੀ ਸਮੇਂ ਤੋਂ ਬੀਮਾਰ ਸੀ ਜਿਸ ਤੇ ਅੰਜਨਾ ਸ਼ਰਮਾ ਦੀ ਮਾਤਾ ਸ਼ਾਂਤੀ ਦੇਵੀ ਅਤੇ ਪਿਤਾ ਤੇ ਭਰਾ ਦੀਪਕ ਤੇ ਉਸਦੀ ਭੈਣਾਂ ਅਕਸਰ ਮੇਰੇ ਭਰਾ ਨੂੰ ਮਾੜਾ ਚੰਗਾ ਬੋਲਦੇ ਰਹਿੰਦੇ ਸਨ। ਜਿਸ ਕਾਰਨ ਉਹ ਅਕਸਰ ਪਰੇਸ਼ਾਨ ਰਹਿੰਦਾ ਸੀ। ਮਿਤੀ 23-12-22 ਨੂੰ ਵਕਤ ਕਰੀਬ 09:00ਏ.ਐਮ ਦਾ ਹੋਵੇਗਾ ਕਿ ਮੇਰੀ ਭਰਜਾਈ ਅੰਜਨਾ ਆਈ ਤੇ ਕਹਿਣ ਲੱਗੀ ਕਿ ਸੁਰੇਸ਼ ਕੁਮਾਰ ਨੇ ਕੋਈ ਜਹਿਰੀਲੀ ਚੀਜ਼ ਖਾ ਲਏ ਹੈ ਜਿਸ ਤੇ ਅਸੀਂ ਉਸਨੂੰ ਇਲਾਜ ਲਈ ਜੀ.ਐਮ.ਸੀ.ਐਚ ਸੈਕ:32 ਚੰਡੀਗੜ੍ਹ ਵਿਖੇ ਇਲਾਜ ਲਈ ਲੈ ਕੇ ਗਏ ਜਿੱਥੇ ਡਾਕਟਰ ਸਾਹਿਬ ਨੇ ਮੇਰੇ ਭਰਾ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਘਰ ਵਾਪਿਸ ਆ ਕੇ ਅੰਜਨਾ ਸ਼ਰਮਾ ਨੇ ਸੁਸਾਇਡ ਨੋਟ ਦਿਖਾਇਆ ਜਿਸ ਵਿੱਚ ਸੁਰੇਸ਼ ਕੁਮਾਰ ਨੇ ਉਕਤਾਨ ਨੂੰ ਆਪਣੀ ਮੌਤ ਦਾ ਜਿੰਮੇਵਾਰ ਦੱਸਿਆ। ਅੱਜ ਮੈਂ ਆਪਣੇ ਭਰਾ ਦੀ ਮੌਤ ਸਬੰਧੀ ਕਾਰਵਾਈ ਕਰਾਉਣ ਲਈ ਜਾਣਾ ਸੀ ਤਾਂ ਮੈਂ ਆਪਣੀ ਭਰਜਾਈ ਤੇ ਭਤੀਜੇ ਪੁਲਕਿਤ ਨੂੰ ਫੋਨ ਕੀਤਾ ਤਾਂ ਫੋਨ ਬੰਦ ਆ ਰਿਹਾ ਸੀ। ਅਸੀਂ ਉੱਪਰ ਜਾ ਕੇ ਦੇਖਿਆ ਤਾਂ ਮੇਰੀ ਭਰਜਾਈ ਤੇ ਭਤੀਜੇ ਨੇ ਕੋਈ ਜਹਿਰਲੀ ਚੀਜ਼ ਖਾ ਲਈ ਸੀ ਜੋ ਬੇਹੋਸ਼ ਪਏ ਸਨ। ਜਿਹਨਾਂ ਨੂੰ ਅਸੀਂ ਇਲਾਜ ਲਈ ਸਿਵਲ ਹਸਪਤਾਲ ਫੇਸ-6 ਮੋਹਾਲੀ ਵਿਖੇ ਲੈ ਕੇ ਗਏ ਜਿੱਥ ਡਾਕਟਰ ਸਾਹਿਬ ਨੇ ਉਹਨਾਂ ਦੋਵਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਜਿਹਨਾਂ ਨੇ ਮੇਰੇ ਭਰਾ ਦੇ ਸਦਮੇ ਵਿੱਚ ਕੋਈ ਜਹਿਰੀਲੀ ਚੀਜ਼ ਖਾ ਕੇ ਆਤਮ ਹੱਤਿਆ ਕਰ ਲਈ ਹੈ। |

| | | | | |
|---|---|---|---|---|
| 4 | ਮੁਕੱਦਮਾ ਨੰ: 541<br>ਮਿਤੀ:24-12-22<br>ਜੁਰਮ:379ਬੀ,<br>ਆਈ.ਪੀ.ਸੀ.<br>ਥਾਣਾ:- ਸੋਹਾਣਾ | ਅਸ਼ੋਕ ਰਾਏ ਪੁੱਤਰ ਜਾਗੇਸ਼ਵਰ ਰਾਏ ਵਾਸੀ ਮਕਾਨ ਨੰ.3273 ਲੀਘ ਫਲੈਟਸ ਐਵਰੀ ਟਾਵਰ ਸੈਕ:70 ਮੋਹਾਲੀ ਜਿਲਾ ਐਸ.ਏ.ਐਸ ਨਗਰ ਉਮਰ ਕਰੀਬ 44 ਸਾਲ<br>82873-91174 | 03 ਨਾ-ਮਾਲੂਮ ਮੋਟਰ ਸਾਈਕਲ ਸਵਾਰ ਨੌਜਵਾਨ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਅੱਜ ਮਿਤੀ 24-12-22 ਨੂੰ ਮੈਂ ਵਕਤ ਕਰੀਬ 03:30 ਪੀ.ਐਮ ਦਾ ਹੋਵੇਗਾ ਮੈਂ ਸੈਕਟਰ 94 ਤੋਂ ਸੈਕ:70 ਨੂੰ ਜਾ ਰਿਹਾ ਸੀ ਜਦੋਂ ਮੈਂ ਜੰਗਲ ਵਾਲਾ ਰਾਹ ਜੋ ਸੈਕ:89 ਨੂੰ ਜਾਂਦਾ ਹੈ ਪਾਸ ਪੁੱਜਾ ਤਾਂ ਅਚਾਨਕ ਹੀ ਮੇਰੇ ਪਿੱਛੇ ਤੋਂ 03 ਮੋਨੇ ਨੌਜਵਾਨ ਮੋਟਰ ਸਾਈਕਲ ਪਰ ਸਵਾਰ ਹੋ ਕੇ ਆਏ ਜੋ ਮੇਰੇ ਹੱਥ ਵਿੱਚ ਫੜਿਆ ਮੋਬਾਈਲ ਮਾਰਕਾ ਸੈਮਸੰਗ ਐਮ-51 ਅਤੇ 5000/- ਰੁਪਏ ਝਪਟ ਮਾਰ ਕੇ ਖੋਹ ਕੇ ਫਰਾਰ ਹੋ ਗਏ। ਮੈਂ ਘਬਰਾ ਕੇ ਮੋਟਰ ਸਾਈਕਲ ਦਾ ਨੰਬਰ ਨਹੀਂ ਪੜ ਸਕਿਆ। ਬਾਅਦ ਵਿੱਚ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 5 | ਮੁਕੱਦਮਾ ਨੰ: 369<br>ਮਿਤੀ:24-12-22<br>ਜੁਰਮ:20-61-85<br>ਐਨ.ਡੀ.ਪੀ.ਐਸ ਐਕਟ<br>ਥਾਣਾ:- ਸਿਟੀ ਖਰੜ | ਐਸ.ਆਈ.ਤਲਵਿੰਦਰ ਸਿੰਘ<br>ਥਾਣਾ ਸਿਟੀ ਖਰੜ<br>94636-92077 | ਪੰਕਜ ਸ਼ਰਮਾ ਪੁੱਤਰ ਲੇਟ ਉਂਕਾਰ ਚੰਦ ਵਾਸੀ ਪਿੰਡ ਲੋਹਾਰਲੀ ਜਿਲਾ ਊਨਾ ਹਿਮਾਚਲ ਪ੍ਰਦੇਸ਼ ਹਾਲ ਵਾਸੀ ਫਲੈਟ ਨੰ.011 ਨੇਚਰ ਸਿਟੀ ਲਾਂਡਰਾਂ ਰੋਡ ਖਰੜ | ਅੱਜ ਮਨ ਐਸ.ਆਈ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਸਪੈਸ਼ਲ ਨਾਕਾਬੰਦੀ ਨੇੜੇ ਸੀ.ਆਈ.ਏ ਕੱਟ ਮੇਨ ਰੋਡ ਚੰਡੀਗੜ੍ਹ ਤੋਂ ਖਰੜ ਵਿਖੇ ਮੌਜੂਦ ਸੀ ਤਾਂ ਵਕਤ ਕਰੀਬ 07:00ਪੀ.ਐਮ ਦਾ ਹੋਵੇਗਾ ਕਿ ਚੰਡੀਗੜ੍ਹ ਦੀ ਤਰਫੋਂ ਇੱਕ ਕਾਰ ਨੰਬਰੀ ਐਚ.ਪੀ-72-3119 ਆਉਂਦੀ ਦਿਖਾਈ ਦਿੱਤੀ ਜਿਸਨੂੰ ਮਨ ਐਸ.ਆਈ ਨੇ ਰੁਕਣ ਦਾ ਇਸ਼ਾਰਾ ਕੀਤਾ। ਜਿਸ ਦੇ ਚਾਲਕ ਨੇ ਕਾਰ ਨੂੰ ਮੌਕਾ ਤੋਂ ਭਜਾ ਲਿਆ ਅਤੇ ਲਾਂਡਰਾ ਰੋਡ ਸਾਈਡ ਨੂੰ ਮੋੜ ਲਿਆ। ਜਿਸ ਦਾ ਮਨ ਐਸ.ਆਈ ਨੇ ਸਮੇਤ ਸਾਥੀਆਂ ਦੇ ਪਿੱਛਾ ਕੀਤਾ ਅਤੇ ਸਾਹਮਣੇ ਨੇਚਰ ਸਿਟੀ ਲਾਂਡਰਾਂ ਰੋਡ ਖਰੜ ਉਕਤ ਕਾਰ ਨੂੰ ਰੋਕਿਆ ਅਤੇ ਸ਼ੱਕ ਦੀ ਬਿਨਾਹ ਤੇ ਕਾਰ ਦੀ ਤਲਾਸ਼ੀ ਕੀਤੀ ਜਿਸ ਵਿੱਚੋਂ **520ਗ੍ਰਾਮ ਚਰਸ ਅਤੇ ਭਾਰਤੀ ਕਰੰਸੀ ਕੁੱਲ 37,100/- ਰੁਪਏ** ਬਰਾਮਦ ਹੋਏ। ਜਿਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 6 | ਮੁਕੱਦਮਾ ਨੰ:499<br>ਮਿਤੀ:24-12-22<br>ਜੁਰਮ:363,366,<br>ਆਈ.ਪੀ.ਸੀ.<br>ਥਾਣਾ:- ਜ਼ੀਰਕਪੁਰ | ਫਰਜਾਨਾ ਪਤਨੀ ਮੁਹੰਮਦ ਅਲੀ ਵਾਸੀ ਪਿੰਡ ਵਿਜੈਤਾ ਕਾਜੀ ਥਾਣਾ ਕੁੜ ਜਿਲਾ ਸੰਭਾਲ ਯੂ.ਪੀ ਹਾਲ ਵਾਸੀ ਝੁੱਗੀਆਂ ਪਿੱਛੇ ਬਿੱਗ ਬਜ਼ਾਰ ਬਲਟਾਣਾ ਜ਼ੀਰਕਪੁਰ ਜਿਲਾ ਐਸ.ਏ.ਐਸ.ਨਗਰ<br>62837-68060 | 1) ਪ੍ਰਮੋਦ ਪੁੱਤਰ ਛੋਟੇ ਲਾਲ<br>2) ਵਿਪਿਨ ਪੁੱਤਰ ਸ਼ਾਮਲਾਲ ਵਾਸੀਆਨ ਪਿੰਡ ਸਾਹਦੁਲਾਪੁਰ ਜਿਲਾ ਬਦਾਯੂੰ ਯੂ.ਪੀ. ਹਾਲ ਵਾਸੀ ਝੱਗੀਆਂ ਪਿੱਛੇ ਬਿੱਗ ਬਜ਼ਾਰ ਬਲਟਾਣਾ ਜ਼ੀਰਕਪੁਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਉਕਤ ਪਤੇ ਦੀ ਰਹਿਣ ਵਾਲੀ ਹਾਂ ਅਤੇ ਮਿਹਨਤ ਮਜ਼ਦੂਰੀ ਦਾ ਕੰਮ ਕਰਦੀ ਹਾਂ। ਮੇਰੀ ਸਭ ਤੋਂ ਵੱਡੀ ਬੇਟੀ ਸਲਮਾ ਉਮਰ ਕਰੀਬ 14-15 ਸਾਲ ਹੈ ਜੋ ਘਰ ਵਿੱਚ ਹੀ ਰਹਿੰਦੀ ਹੈ। ਸਾਡੇ ਨਾਲ ਦੀ ਝੁੱਗੀ ਵਿੱਚ ਅਤਰ ਸਿੰਘ ਪੁੱਤਰ ਗੋਕੁਲ ਰਹਿੰਦਾ ਹੈ। ਜਿਸ ਦੀ ਲੜਕੀ ਮੋਹਿਨੀ ਉਮਰ ਕਰੀਬ 14-15 ਸਾਲ ਹੈ। ਮੇਰੀ ਬੇਟੀ ਸਲਮਾ ਅਤੇ ਮੋਹਿਨੀ ਆਪਸ ਵਿੱਚ ਸਹੇਲੀਆਂ ਹਨ। ਮਿਤੀ 17-12-22 ਨੂੰ ਮੈਂ ਅਤੇ ਮੇਰਾ ਘਰਵਾਲਾ ਆਪਣੇ ਆਪਣੇ ਕੰਮਾਂ ਤੇ ਗਏ ਹੋਏ ਸੀ। ਜਦੋਂ ਅਸੀਂ ਸ਼ਾਮ ਨੂੰ ਕਰੀਬ 06:00ਪੀ.ਐਮ ਪਰ ਵਾਪਿਸ ਝੁੱਗੀ ਵਿੱਚ ਆ ਕੇ ਦੇਖਿਆ ਤਾਂ ਮੇਰੀ ਬੇਟੀ ਸਲਮਾ ਅਤੇ ਅਤਰ ਸਿੰਘ ਦੀ ਬੇਟੀ ਮੋਹਿਨੀ ਝੁੱਗੀ ਵਿੱਚ ਨਹੀਂ ਸਨ। ਅਸੀਂ ਸਾਰਿਆਂ ਨੇ ਰਲ ਕੇ ਦੋਵਾਂ ਦੀ ਤਲਾਸ਼ ਸ਼ੁਰੂ ਕੀਤੀ ਜਿਹਨਾਂ ਬਾਰੇ ਕੁੱਝ ਵੀ ਪਤਾ ਨਹੀਂ ਲੱਗਿਆ। ਸਾਨੂੰ ਪੂਰਾ ਯਕੀਨ ਹੈ ਕਿ ਸਾਡੇ ਨਾਲ ਦੀਆਂ ਝੁੱਗੀਆਂ ਵਿੱਚ ਰਹਿੰਦੇ ਪ੍ਰਮੋਦ ਅਤੇ ਵਿਪਿਨ ਮੇਰੀ ਲੜਕੀ ਸਲਮਾ ਅਤੇ ਮੋਹਿਨੀ ਨੂੰ ਵਰਗਲਾ ਫੁਸਲਾ ਕੇ ਆਪਣੇ ਨਾਲ ਲੈ ਗਏ ਹਨ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ: 410<br>ਮਿਤੀ:24-12-22<br>ਜੁਰਮ:68-1-14 ਐਕਸਾਈਜ਼ ਐਕਟ<br>ਥਾਣਾ:- ਡੇਰਾਬਸੀ | ਸ.ਥ. ਸੁਖਦੇਵ ਸਿੰਘ<br>ਥਾਣਾ ਡੇਰਾਬਸੀ<br>98156-64540 | 1) ਜਤਿੰਦਰ ਸ਼ਾਹ ਪੁੱਤਰ ਇਕਬਾਲ ਸ਼ਾਹ ਵਾਸੀ ਮਕਾਨ ਨੰ.1002 ਗਲੀ ਨੰ.10 ਪ੍ਰੇਮ ਨਗਰ ਡੇਰਾਬਸੀ<br>2) ਹਰਮਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਗਲੀ ਨੰ.12 ਗੁਲਾਬਗੜ੍ਹ ਰੋਡ ਡੇਰਾਬਸੀ<br>3) ਅਜੈ ਕੁਮਾਰ ਪੁੱਤਰ ਭਗਤ ਕੁਮਾਰ ਵਾਸੀ ਗਲੀ ਨੰ.7 ਬਰਵਾਲਾ ਰੋਡ ਡੇਰਾਬਸੀ<br>4) ਅਨਿਲ ਸ਼ਰਮਾ ਪੁੱਤਰ ਰਮੇਸ਼ ਕੁਮਾਰ ਵਾਸੀ ਰੌਣੀ ਮੁਹੱਲਾ ਡੇਰਾਬਸੀ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਅੱਡਾ ਡੇਰਾਬਸੀ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਜਤਿੰਦਰ ਸ਼ਾਹ ਬਰਵਾਲਾ ਰੋਡ ਡੇਰਾਬਸੀ ਵਿਖੇ ਮੀਟ ਮੱਛੀ ਦੀ ਦੁਕਾਨ ਕਰਦਾ ਹੈ ਅਤੇ ਆਪਣੀ ਦੁਕਾਨ ਵਿੱਚ ਆਉਂਦੇ ਜਾਂਦੇ ਵਿਅਕਤੀਆਂ ਨੂੰ ਬਿਨਾਂ ਲਾਇਸੰਸ ਤੋਂ ਸ਼ਰਾਬ ਪਿਲਾਉਂਦਾ ਹੈ। ਜੋ ਅੱਜ ਵੀ ਆਪਣੀ ਦੁਕਾਨ ਵਿੱਚ ਸ਼ਰੇਆਮ ਗਾਹਕਾਂ ਨੂੰ ਸ਼ਰਾਬ ਪਿਲਾ ਰਿਹਾ ਹੈ। ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਉਕਤਾਨ ਦੋਸ਼ੀਆਨ ਸ਼ਰਾਬ ਦਾ ਸੇਵਨ ਕਰਦੇ ਕਾਬੂ ਆ ਸਕਦੇ ਹਨ। ਜਿਹਨਾਂ ਖਿਲਾਫ ਤੁਰੰਤ ਮੁਕੱਦਮਾ ਦਰਜ ਕੀਤਾ ਗਿਆ। |

| | | | | |
|---|---|---|---|---|
| 8 | ਮੁਕੱਦਮਾ ਨੰ:193<br>ਮਿਤੀ:24-12-22<br>ਜੁਰਮ:452,323,341,<br>506,148,149,<br>ਆਈ.ਪੀ.ਸੀ.<br>ਥਾਣਾ:- ਲਾਲੜੂ | ਬਹਾਦਰ ਸਿੰਘ ਪੁੱਤਰ ਰਿਸ਼ੀਪਾਲ<br>ਵਾਸੀ ਪਿੰਡ ਸਾਧਾਪੁਰ ਥਾਣਾ ਲਾਲੜੂ ਜਿਲਾ ਐਸ.ਏ.ਐਸ.ਨਗਰ<br>ਉਮਰ 37 ਸਾਲ<br>77172-19304 | 1) ਡਿੰਪਲ ਪੁੱਤਰ ਬ੍ਰਿਜਪਾਲ<br>2) ਗੁਰਪ੍ਰੀਤ ਸਿੰਘ ਉਰਫ ਮੋਨੀ<br>3) ਮਨਪ੍ਰੀਤ ਸਿੰਘ<br>4) ਗੁਰਜੀਤ ਸਿੰਘ<br>5) ਸੋਨੀ, 6) ਮੋਨਾ<br>7) ਹੈਪੀ, 8) ਅਕਾਸ਼<br>9) ਬਬਲੂ, 10) ਮੋਨੂੰ<br>11) ਰਵੀ ਵਾਸੀਆਨ ਪਿੰਡ ਸਾਧਾਪੁਰ ਥਾਣਾ ਲਾਲੜੂ<br>12) ਗੁਰਜੀਤ ਸਿੰਘ ਦਾ ਜੀਜਾ<br>ਅਤੇ 03/04 ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮਿਤੀ 23-12-22 ਨੂੰ ਮੈਂ ਆਪਣੇ ਪਰਿਵਾਰ ਨਾਲ ਘਰ ਵਿੱਚ ਹਾਜ਼ਰ ਸੀ ਤਾਂ ਵਕਤ ਕਰੀਬ 08:00 ਪੀ.ਐਮ ਦਾ ਹੋਵੇਗਾ ਸਾਡੇ ਘਰ ਦੇ ਸੜਕ ਵਾਲੇ ਦਰਵਾਜੇ ਨੂੰ ਤੋੜ ਕੇ ਡਿੰਪਲ, ਗੁਰਪ੍ਰੀਤ ਸਿੰਘ ਉਰਫ ਮੋਨੀ ਅਤੇ ਮਨਪ੍ਰੀਤ ਸਿੰਘ ਘਰ ਦੇ ਅੰਦਰ ਆ ਗਏ। ਖੜਕਾ ਸੁਣ ਕੇ ਮੈਂ ਵੀ ਆਪਣੇ ਕਮਰੇ ਦੇ ਵਰਾਂਡੇ ਵਿੱਚ ਆਇਆ ਤਾਂ ਉਕਤ ਤਿੰਨੇ ਵਿਅਕਤੀ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਗਾਲੀ ਗਲੋਚ ਕਰਨ ਲੱਗ ਗਏ। ਜਦੋਂ ਮੈਂ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਗੁਰਪ੍ਰੀਤ ਸਿੰਘ ਨੇ ਆਪਣੇ ਹੱਥ ਵਿੱਚ ਫੜੀ ਲੋਹੇ ਦੀ ਰਾੜ ਦਾ ਵਾਰ ਮੇਰੇ ਸਿਰ ਤੇ ਕੀਤਾ। ਅਤੇ ਡਿੰਪਲ ਨੇ ਆਪਣੇ ਹੱਥ ਵਿੱਚ ਫੜੀ ਕੋਈ ਨੋਕੀਲੀ ਚੀਜ਼ ਮਰੀ ਭਾਣਜੀ ਜਸਪ੍ਰੀਤ ਕੌਰ ਦੇ ਮੂੰਹ ਤੇ ਮਾਰ ਦਿੱਤੀ। ਜਦੋਂ ਅਸੀਂ ਰੌਲਾ ਪਾਇਆ ਤਾਂ ਸਾਡੇ ਪਰਿਵਾਰਕ ਮੈਂਬਰ ਆ ਗਏ ਜਿਹਨਾਂ ਨੂੰ ਅਸੀਂ ਗੱਲ ਦੱਸ ਰਹੇ ਸੀ ਤਾਂ ਇੰਨੇ ਵਿੱਚ ਘਰ ਦੇ ਬਾਹਰ ਉਕਤਾਨ ਦੋਸ਼ੀਆਨ ਇਕੱਠੇ ਹੋ ਕੇ ਆ ਗਏ। ਜਿਹਨਾਂ ਨੇ ਸਾਨੂੰ ਖਿੱਚ ਕੇ ਬਾਹਰ ਕੱਢ ਲਿਆ ਅਤੇ ਸਾਡੇ ਸਾਰੇ ਪਰਿਵਾਰ ਦੀ ਕੁੱਟਮਾਰ ਕੀਤੀ। ਸਾਡਾ ਰੌਲਾ ਸੁਣ ਕੇ ਉੱਥੇ ਹੋਰ ਵਿਅਕਤੀ ਇਕੱਠੇ ਹੋ ਗਏ ਜਿਹਨਾਂ ਨੂੰ ਦੇਖ ਕੇ ਉਕਤਾਨ ਦੋਸ਼ੀਆਨ ਸਾਨੂੰ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਅਸੀਂ ਵਹੀਕਲਾਂ ਦਾ ਇੰਤਜਾਮ ਕਰਕੇ ਸਿਵਲ ਹਸਪਤਾਲ ਡੇਰਾਬਸੀ ਵਿਖੇ ਪੁੱਜੇ ਹਾਂ ਜਿੱਥੇ ਅਸੀਂ ਜ਼ੇਰੇ ਇਲਾਜ ਹਾਂ। |